# ਕੱਪਾਂ ਬਾਰੇ ਉਪਨਿਯਮ - 1 ਜਨਵਰੀ 2022
# ਵਾਰ-ਵਾਰ ਪੁੱਛੇ ਜਾਂਦੇ ਪ੍ਰਸ਼ਨ

### ਮੈਨੂੰ ਕੱਪਾਂ ਬਾਰੇ ਉਪਨਿਯਮ ਕਿੱਥੇ ਮਿਲ ਸਕਦੇ ਹਨ?

ਸਿੰਗਲ-ਯੂਜ਼ ਪੀਣ ਵਾਲੇ ਕੱਪਾਂ ਦੀ ਵਰਤੋਂ ਨੂੰ ਨਿਯੰਤ੍ਰਿਤ ਕਰਨ ਵਾਲੇ ਨਿਯਮ ਲਾਇਸੈਂਸ ਉਪਨਿਯਮ ਨੰਬਰ 4450 ਵਿੱਚ ਸੋਧਾਂ ਦੀ ਇੱਕ ਲੜੀ ਹਨ। ਉਪਨਿਯਮਾਂ ਵਿੱਚ ਇਹ ਸੋਧਾਂvancouver.ca/cups 'ਤੇ ਉਪਲਬਧ ਹਨ ਅਤੇ ਇਹਨਾਂ ਵਿੱਚ ਸ਼ਾਮਲ ਹਨ:

- ਉਪਨਿਯਮ 12622 (ਸਿੰਗਲ-ਯੂਜ਼ ਕੱਪਾਂ ਦੀ ਵਰਤੋਂ ਦੇ ਸੰਬੰਧ ਵਿੱਚ ਲਾਇਸੈਂਸ ਉਪਨਿਯਮ 4450 ਵਿੱਚ ਸੋਧ ਕਰਦਾ ਹੈ)
- ਉਪਨਿਯਮ 12844 (ਸਿੰਗਲ-ਯੂਜ਼ ਪੀਣ ਵਾਲੇ ਕੱਪਾਂ ਦੀ ਵਰਤੋਂ ਦੇ ਲਈ ਲੋੜਾਂ ਦੀ ਪ੍ਰਭਾਵੀ ਤਾਰੀਖ ਦੇ ਸੰਬੰਧ ਵਿੱਚ ਲਾਇਸੈਂਸ ਉਪਨਿਯਮ 4450 ਵਿੱਚ ਸੋਧ ਕਰਦਾ ਹੈ

ਏਕੀਕ੍ਰਿਤ ਲਾਇਸੈਂਸ ਉਪਨਿਯਮ ਨੰਬਰ 4450 **vancouver.ca/your-government/licence-bylaw** 'ਤੇ ਉਪਲਬਧ ਹੈ

### ਸਿੰਗਲ-ਯੂਜ਼ ਪੀਣ ਵਾਲੇ ਕੱਪਾਂ ਨੂੰ ਨਿਯੰਤ੍ਰਿਤ ਕਿਉਂ ਕੀਤਾ ਜਾਵੇ?

ਜਦੋਂ ਅਸੀਂ 2040 ਤੱਕ ਜ਼ੀਰੋ ਵੇਸਟ ਕਮਿਊਨਿਟੀ ਬਣਨ ਵੱਲ ਕੰਮ ਕਰ ਰਹੇ ਹਾਂ, ਕੱਪਾਂ ਬਾਰੇ ਉਪਨਿਯਮ ਉਹਨਾਂ ਕਾਰਵਾਈਆਂ ਦਾ ਹਿੱਸਾ ਹੈ ਜੋ ਸਿਟੀ ਦੁਆਰਾ ਇੱਕੋ-ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਦੇ ਕਚਰੇ ਨੂੰ ਘਟਾਉਣ ਲਈ ਕੀਤੀਆਂ ਜਾ ਰਹੀਆਂ ਹਨ। ਸਿੰਗਲ-ਯੂਜ਼ ਕੱਪ ਵੈਨਕੂਵਰ ਦੀਆਂ ਸੜਕਾਂ 'ਤੇ ਵੱਡੇ ਕੂੜੇ ਦਾ ਪੰਦਰਾਂ ਪ੍ਰਤਿਸ਼ਤ ਹੁੰਦੇ ਹਨ। 2018 ਵਿੱਚ, ਵੈਨਕੂਵਰ ਵਿੱਚ ਲਗਭਗ 82 ਮਿਲੀਅਨ ਸਿੰਗਲ-ਯੂਜ਼ ਕੱਪ ਕੂੜੇਦਾਨ ਵਿੱਚ ਸੁੱਟੇ ਗਏ ਸਨ। ਇਹਨਾਂ ਵਿਚੋਂ, 51% ਗਰਮ ਪੀਣ ਵਾਲੇ ਪਦਾਰਥਾਂ ਲਈ ਕਾਗਜ਼ੀ ਕੱਪ ਸਨ, 25% ਠੰਡੇ ਪੀਣ ਵਾਲੇ ਪਦਾਰਥਾਂ ਲਈ ਕਾਗਜ਼ੀ ਕੱਪ ਸਨ ਅਤੇ 24% ਪਲਾਸਟਿਕ ਦੇ ਕੱਪ ਸਨ।

### ਸਿੰਗਲ-ਯੂਜ਼ ਕੱਪਾਂ 'ਤੇ ਘੱਟੋ-ਘੱਟ $0.25 ਦੀ ਫ਼ੀਸ ਕਿਉਂ ਨਿਰਧਾਰਤ ਕੀਤੀ ਗਈ ਹੈ?

ਫ਼ੀਸ ਉਹਨਾਂ ਹੋਰ ਥਾਵਾਂ ਨਾਲ ਮੇਲ ਖਾਂਦੀ ਹੈ ਜੋ ਸਿੰਗਲ-ਯੂਜ਼ ਕੱਪਾਂ 'ਤੇ ਰੋਕ ਲਗਾਉਂਦੇ ਹਨ, ਜਿਵੇਂ ਕਿ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਐਂਡ ਬਰਕਲੇ, ਕੈਲੀਫੋਰਨੀਆ, ਅਤੇ ਇੰਨੀਆਂ ਜ਼ਿਆਦਾ ਹਨ ਕਿ ਗਾਹਕਾਂ ਨੂੰ ਮੁੜ-ਵਰਤੋਂ ਯੋਗ ਕੱਪਾਂ ਦੀ ਚੋਣ ਕਰਨ ਲਈ ਪ੍ਰਤਸਾਹਨ ਮਿਲੇ। ਡ੍ਰਿੰਕਸ ਲਈ "ਬਣੇ ਰਹਿਣ ਵਾਲੇ" ਮੁੜ-ਵਰਤੋਂ ਯੋਗ ਕੱਪ ਮੁਹੱਈਆ ਕਰਵਾ ਕੇ, ਦੁਬਾਰਾ ਮੁੜ-ਵਰਤੋਂ ਯੋਗ ਕੱਪ-ਸ਼ੇਅਰ ਪ੍ਰੋਗਰਾਮ ਵਿੱਚ ਹਿੱਸਾ ਲੈ ਕੇ ਅਤੇ ਗਾਹਕਾਂ ਨੂੰ ਆਪਣੇ ਮੁੜ-ਵਰਤੋਂ ਯੋਗ ਕੱਪ ਲਿਆਉਣ ਲਈ ਉਤਸ਼ਾਹਿਤ ਕਰ ਕੇ ਫ਼ੀਸਾਂ ਤੋਂ ਬਚਣ ਅਤੇ ਕੂੜੇ-ਕਰਕਟ ਨੂੰ ਘਟਾਉਣ ਵਿੱਚ ਆਪਣੇ ਗਾਹਕਾਂ ਦੀ ਮਦਦ ਕਰੋ।

### ਕੀ ਸਿੰਗਲ-ਯੂਜ਼ ਕੱਪਾਂ 'ਤੇ ਫ਼ੀਸਾਂ GST ਅਤੇ PST ਦੇ ਅਧੀਨ ਹਨ?

ਹਾਂ।

ਜਿਸ ਵੇਲੇ ਅਸੀਂ ਕੋਵਿਡ-19 ਦੌਰਾਨ ਸਿੰਗਲ-ਯੂਜ਼ ਚੀਜ਼ਾਂ ਤੋਂ ਕਚਰੇ ਨੂੰ ਘਟਾਉਣ ਲਈ ਕਦਮ ਚੁੱਕ ਰਹੇ ਹਾਂ, ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕੀਤਾ ਹੈ ਕਿ ਸਾਡੇ ਸਾਰੇ ਉਪਨਿਯਮ ਪਬਲਿਕ ਹੈਲਥ ਦੀਆਂ ਨਵੀਨਤਮ ਸੇਧਾਂ ਦੇ ਅਨੁਕੂਲ ਹੋਣ ਅਤੇ ਵਸਨੀਕਾਂ, ਕਾਰੋਬਾਰਾਂ ਅਤੇ ਉਹਨਾਂ ਦੇ ਸਟਾਫ਼ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਕਰਨ।

ਕੋਵਿਡ-19 ਸਿਹਤ ਸੰਬੰਧੀ ਤਾਜ਼ਾ ਲੋੜਾਂ ਅਤੇ ਸਰੋਤਾਂ ਲਈ ਅਤੇ ਸ੍ਰੋਤ ਇਹਨਾਂ ਵੈਬਸਾਈਟਾਂ, ਕਿਰਪਾ ਕਰਕੇ ਦੇਖੋ:
- ਆਦੇਸ਼ਾਂ, ਨੋਟਿਸਾਂ ਅਤੇ ਮਾਰਗਦਰਸ਼ਨ ਲਈ ਸੂਬਾਈ ਸਿਹਤ ਅਫਸਰ (Provincial Health Officer' ਦਾ ਵੈੱਬ ਪੇਜ।
- ਬ੍ਰਿਟਿਸ਼ ਕੋਲੰਬੀਆ ਰੋਗ ਨਿਯੰਤ੍ਰਣ ਲਈ ਕੇਂਦਰ (British Columbia Centre for Disease Control) (BCCDC), ਜਿਸ ਵਿੱਚ ਭੋਜਨ ਦੇ ਕਾਰੋਬਾਰ ਬਾਰੇ ਵੈੱਬ ਪੇਜ ਵੀ ਸ਼ਾਮਲ ਹੈ।
- ਵੈਨਕੂਵਰ ਕੋਸਟਲ ਹੈਲਥ ਦਾ ਵਾਤਾਵਰਣ ਸੰਬੰਧੀ ਸਿਹਤ ਅਤੇ ਜਾਂਚ-ਪੜਤਾਲਾਂ ਬਾਰੇ ਵੈੱਬ ਪੰਨਾ।
- ਵਰਕ ਸੇਫ ਬੀਸੀ।

ਪ੍ਰਕਾਸ਼ਿਤ: ਜੁਲਾਈ 2021

**ਕੀ ਭੋਜਨ ਵਿਕ੍ਰੇਤਾ ਸਿੰਗਲ-ਯੂਜ਼ ਕੱਪਾਂ 'ਤੇ ਘੱਟੋ-ਘੱਟ $0.25 ਦੀ ਫ਼ੀਸ ਤੋਂ ਵੱਧ ਵਸੂਲ ਸਕਦੇ ਹਨ?**

ਹਾਂ। ਭੋਜਨ ਪਦਾਰਥਾਂ ਦੇ ਵਿਕ੍ਰੇਤਾ ਪ੍ਰਤੀ ਸਿੰਗਲ-ਯੂਜ਼ ਕੱਪ $0.25 ਤੋਂ ਵੱਧ ਵਸੂਲ ਕਰਨ ਦੀ ਚੋਣ ਕਰ ਸਕਦੇ ਹਨ, ਜਦੋਂ ਤੱਕ ਉਹ ਗਾਹਕਾਂ ਨੂੰ ਫ਼ੀਸ ਬਾਰੇ ਦੱਸਦੇ ਹਨ, ਜਿਵੇਂ ਕਿ ਉਪਨਿਯਮ ਦੁਆਰਾ ਲੋੜੀਂਦਾ ਹੈ।

**ਕੀ ਭੋਜਨ ਵਿਕ੍ਰੇਤਾਵਾਂ ਨੂੰ ਵੱਖ-ਵੱਖ ਆਕਾਰ ਜਾਂ ਕਿਸਮ ਦੇ ਕੱਪਾਂ ਲਈ ਵੱਖ-ਵੱਖ ਫ਼ੀਸਾਂ ਵਸੂਲਣ ਦੀ ਲੋੜ ਹੈ?**

ਨਹੀਂ। ਭੋਜਨ ਪਦਾਰਥਾਂ ਦੇ ਵਿਕ੍ਰੇਤਾਵਾਂ ਨੂੰ ਵੰਡੇ ਜਾਣ ਵਾਲੇ ਹਰੇਕ ਸਿੰਗਲ-ਯੂਜ਼ ਕੱਪ 'ਤੇ ਘੱਟੋ-ਘੱਟ $0.25 ਲੈਣਾ ਚਾਹੀਦਾ ਹੈ, ਭਾਵੇਂ ਆਕਾਰ ਜਾਂ ਕਿਸਮ ਕੋਈ ਵੀ ਹੋਵੇ। ਹਾਲਾਂਕਿ, ਭੋਜਨ ਵਿਕ੍ਰੇਤਾ ਵੱਖ-ਵੱਖ ਆਕਾਰ ਜਾਂ ਕਿਸਮਾਂ ਦੇ ਕੱਪਾਂ ਲਈ $0.25 ਤੋਂ ਵੱਧ ਵਸੂਲ ਕਰਨ ਦੀ ਚੋਣ ਕਰ ਸਕਦੇ ਹਨ।

**ਜਦੋਂ ਗਾਹਕ "ਡਬਲ ਕੱਪ" ਮੰਗਦੇ ਹਨ, ਤਾਂ ਕੀ ਭੋਜਨ ਵਿਕ੍ਰੇਤਾਵਾਂ ਨੂੰ ਦੋ ਵਾਰ ਕੱਪ ਦੀ ਫ਼ੀਸ ਲੈਣੀ ਚਾਹੀਦੀ ਹੈ?**

ਹਾਂ। ਭੋਜਨ ਪਦਾਰਥਾਂ ਦੇ ਵਿਕ੍ਰੇਤਾਵਾਂ ਨੂੰ ਵੰਡੇ ਗਏ ਹਰੇਕ ਸਿੰਗਲ-ਯੂਜ਼ ਕੱਪ 'ਤੇ ਘੱਟੋ-ਘੱਟ $0.25 ਦੀ ਫ਼ੀਸ ਲਾਜ਼ਮੀ ਲੈਣੀ ਚਾਹੀਦੀ ਹੈ।

**ਕੀ ਕੈਰਾਫੇਸ ਨਾਲ ਮੁਹੱਈਆ ਕਰਵਾਏ ਗਏ ਹਰੇਕ ਕੱਪ ਉੱਤੇ ਕੱਪ ਫ਼ੀਸ ਵਸੂਲਣੀ ਪਵੇਗੀ?**

ਹਾਂ। ਭੋਜਨ ਪਦਾਰਥਾਂ ਦੇ ਵਿਕ੍ਰੇਤਾਵਾਂ ਨੂੰ, ਕੈਰਾਫੇਸ ਵਿੱਚ ਮੁਹੱਈਆ ਕੀਤੇ ਗਏ ਕੱਪਾਂ ਸਮੇਤ, ਵੰਡੇ ਗਏ ਹਰੇਕ ਸਿੰਗਲ-ਯੂਜ਼ ਕੱਪ 'ਤੇ ਘੱਟੋ-ਘੱਟ $0.25 ਦੀ ਫ਼ੀਸ ਲਾਜ਼ਮੀ ਲੈਣੀ ਚਾਹੀਦੀ ਹੈ।

**ਕੀ ਪਲਾਸਟਿਕ ਦੇ ਕੱਪ ਦੇ ਢੱਕਣਾਂ ਲਈ ਫ਼ੀਸਾਂ ਲੋੜੀਂਦੀਆਂ ਹਨ?**

ਨਹੀਂ।

**ਕੀ ਉਹਨਾਂ ਗਾਹਕਾਂ ਨੂੰ ਹਾਲੇ ਵੀ ਛੋਟ ਦਿੱਤੀ ਜਾ ਸਕਦੀ ਹੈ ਜੋ ਮੁੜ-ਵਰਤੋਂ ਯੋਗ ਕੱਪ ਲਿਆਉਂਦੇ ਜਾਂ ਚੁਣਦੇ ਹਨ?**

ਹਾਂ। ਪਰ, ਮੁੜ-ਵਰਤੋਂ ਯੋਗ ਕੱਪਾਂ ਲਈ ਛੋਟ ਫ਼ੀਸਾਂ ਦਾ ਬਦਲ ਨਹੀਂ ਹੈ। ਛੋਟ ਦੀ ਪੇਸ਼ਕਸ਼ ਕਰਨ ਵਾਲੇ ਭੋਜਨ ਪਦਾਰਥਾਂ ਦੇ ਵਿਕ੍ਰੇਤਾਵਾਂ ਨੂੰ ਹਾਲੇ ਵੀ ਵੰਡੇ ਗਏ ਹਰੇਕ ਸਿੰਗਲ-ਯੂਜ਼ ਕੱਪ ਲਈ ਘੱਟੋ-ਘੱਟ $0.25 ਵਸੂਲ ਕਰਨਾ ਲਾਜ਼ਮੀ ਹੈ।

**ਸਿੰਗਲ-ਯੂਜ਼ ਕੱਪਾਂ ਤੋਂ ਫ਼ੀਸ ਨੂੰ ਕੌਣ ਰੱਖਦਾ ਹੈ? ਕੀ ਕੱਪ ਫ਼ੀਸਾਂ ਤੋਂ ਆਮਦਨੀ ਸਿਟੀ ਨੂੰ ਦਿੱਤੀ ਜਾਂਦੀ ਹੈ?**

ਖੁਰਾਕ ਵਿਕ੍ਰੇਤਾ ਸਿੰਗਲ-ਯੂਜ਼ ਕੱਪ ਫ਼ੀਸਾਂ ਤੋਂ ਸਾਰੀ ਕਮਾਈ ਆਪਣੇ ਕੋਲ ਰੱਖਦੇ ਹਨ। ਫ਼ੀਸਾਂ ਸਿਟੀ ਨੂੰ ਨਹੀਂ ਦਿੱਤੀਆਂ ਜਾਂਦੀਆਂ ਹਨ।

**ਭੋਜਨ ਪਦਾਰਥਾਂ ਦੇ ਵਿਕ੍ਰੇਤਾਵਾਂ ਨੂੰ ਸਿੰਗਲ-ਯੂਜ਼ ਕੱਪਾਂ 'ਤੇ ਇਕੱਤਰ ਕੀਤੀ ਫ਼ੀਸ ਦਾ ਕੀ ਕਰਨਾ ਚਾਹੀਦਾ ਹੈ?**

ਭੋਜਨ ਵਿਕ੍ਰੇਤਾਵਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਫ਼ੀਸਾਂ ਦੀ ਵਰਤੋਂ ਇਸਦੇ ਲਈ ਕਰਨ:

- ਸਿੰਗਲ-ਯੂਜ਼ ਚੀਜ਼ਾਂ ਲਈ ਮੁੜ-ਵਰਤੋਂ ਯੋਗ ਵਿਕਲਪਾਂ ਵਿੱਚ ਨਿਵੇਸ਼ ਕਰੋ, ਜਿਵੇਂ ਕਿ ਉਸੇ ਸਥਾਨ 'ਤੇ ਬੈਠ ਕੇ ਪੀਤੀ ਜਾਣ ਵਾਲੀ ਡ੍ਰਿੰਕ ਲਈ ਮੁੜ-ਵਰਤੋਂ ਯੋਗ ਕੱਪ, ਵਪਾਰਕ ਡਿਸ਼ਵਾਸ਼ਰ।
- ਮੁੜ-ਵਰਤੋਂ ਯੋਗ ਕੱਪ-ਸ਼ੇਅਰ ਪ੍ਰੋਗਰਾਮਾਂ ਵਿੱਚ ਹਿੱਸਾ ਲਓ।
- ਕੱਪ ਉਪਨਿਯਮ ਦੀ ਪਾਲਣਾ ਦੀ ਲਾਗਤ ਨੂੰ ਕਵਰ ਕਰੋ, ਜਿਵੇਂ ਕਿ ਸਾਫ਼ਟਵੇਅਰ ਅੱਪਡੇਟ, ਸਟਾਫ਼ ਦੀ ਸਿਖਲਾਈ, ਆਦਿ।

**ਕੀ ਭੋਜਨ ਵਿਕ੍ਰੇਤਾਵਾਂ ਨੂੰ ਆਪਣੇ ਗਾਹਕਾਂ ਨੂੰ ਸਿੰਗਲ-ਯੂਜ਼ ਕੱਪਾਂ 'ਤੇ ਘੱਟੋ-ਘੱਟ ਫ਼ੀਸ ਬਾਰੇ ਸੂਚਿਤ ਕਰਨਾ ਪਵੇਗਾ?**

ਹਾਂ। ਸਾਰੀਆਂ ਕੱਪ ਫ਼ੀਸਾਂ ਨੂੰ ਮੀਨੂ ਬੋਰਡਾਂ, ਮੀਨੂ ਅਤੇ ਇੰਟਰਨੈੱਟ ਅਧਾਰਤ ਆਰਡਰਿੰਗ ਪਲੇਟਫਾਰਮਾਂ 'ਤੇ ਪ੍ਰਦਰਸ਼ਿਤ ਕਰਨਾ ਲਾਜ਼ਮੀ ਹੈ, ਅਤੇ ਗਾਹਕਾਂ ਨੂੰ ਮੁਹੱਈਆ ਕਰਵਾਈਆਂ ਗਈਆਂ ਕਿਸੇ ਵੀ ਰਸੀਦਾਂ 'ਤੇ ਇੱਕ ਵੱਖਰੀ ਲਾਈਨ ਆਈਟਮ ਦੇ ਰੂਪ ਵਿੱਚ ਦਿਖਾਇਆ ਜਾਣਾ ਚਾਹੀਦਾ ਹੈ ਜਿਵੇਂ ਕਿ “CUP FEE”।

**ਕੀ ਡ੍ਰਿੰਕ ਖਰੀਦੇ ਜਾਣ 'ਤੇ ਭੋਜਨ ਵਿਕ੍ਰੇਤਾਵਾਂ ਨੂੰ ਰਸੀਦ ਦੇਣੀ ਪਵੇਗੀ?**

ਨਹੀਂ, ਕੱਪ ਉਪਨਿਯਮ ਭੋਜਨ ਵਿਕ੍ਰੇਤਾਵਾਂ 'ਤੇ ਪੀਣ ਵਾਲੇ ਪਦਾਰਥਾਂ ਦੀਆਂ ਖਰੀਦਦਾਰੀਆਂ ਦੀ ਰਸੀਦ ਦੇਣ ਦੀ ਲੋੜ ਨਹੀਂ ਲਗਾਉਂਦਾ ਹੈ। ਪਰ, ਜੇ ਅਤੇ ਜਦੋਂ ਕੋਈ ਰਸੀਦ ਦਿੱਤੀ ਜਾਂਦੀ ਹੈ, ਭੋਜਨ ਵਿਕ੍ਰੇਤਾਵਾਂ ਨੂੰ ਲਾਜ਼ਮੀ ਤੌਰ 'ਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕੱਪ ਫ਼ੀਸਾਂ ਰਸੀਦ 'ਤੇ ਇੱਕ ਵੱਖਰੀ ਲਾਈਨ ਆਈਟਮ ਦੇ ਰੂਪ ਵਿੱਚ ਦਿਖਾਈਆਂ ਜਾਂਦੀਆਂ ਹਨ, ਜਿਵੇਂ ਕਿ “CUP FEE”ਦੀ ਵਰਤੋਂ ਕਰਕੇ।

**ਭੋਜਨ ਵਿਕ੍ਰੇਤਾਵਾਂ ਨੂੰ ਆਪਣੇ ਕੱਪਾਂ ਦੀ ਸਾਲਾਨਾ ਵੰਡ ਦੀ ਰਿਪੋਰਟ ਕਰਨ ਲਈ ਕੀ ਕਰਨ ਦੀ ਲੋੜ ਹੈ?**

2023 ਲਈ ਕਾਰੋਬਾਰੀ ਲਾਇਸੈਂਸ ਦੇ ਨਵੀਨੀਕਰਣ ਦੇ ਨਾਲ, ਪਿਛਲੇ 12 ਮਹੀਨਿਆਂ ਵਿੱਚ ਹਰੇਕ ਲਾਇਸੰਸਸ਼ੁਦਾ ਸਥਾਨ 'ਤੇ ਵੰਡੇ ਗਏ ਸਿੰਗਲ-ਯੂਜ਼ ਕੱਪਾਂ ਦੀ ਗਿਣਤੀ ਦੀ ਸਿਟੀ ਨੂੰ ਰਿਪੋਰਟ ਦੇਣੀ ਲਾਜ਼ਮੀ ਹੈ, ਜਦ ਤੱਕ ਕਿ ਸਥਾਨ ਕਿਸੇ ਮੁੜ-ਵਰਤੋਂ ਯੋਗ ਕੱਪ-ਸ਼ੇਅਰ ਪ੍ਰੋਗਰਾਮ ਵਿੱਚ ਹਿੱਸਾ ਨਾ ਲੈ ਰਿਹਾ ਹੋਵੇ ਜੋ ਪਿਛਲੇ ਸਾਲ ਕਿਸੇ ਵੀ ਸਮੇਂ ਸ਼ੁਰੂ ਹੋਇਆ ਸੀ ਅਤੇ ਵਿਕਰੀ ਦੇ ਸਥਾਨ 'ਤੇ ਗਾਹਕਾਂ ਨੂੰ ਇਸ ਬਾਰੇ ਦੱਸਿਆ ਜਾਂਦਾ ਹੈ।

ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ ਭੋਜਨ ਵਿਕ੍ਰੇਤਾ ਹਰ ਸਾਲ ਵੰਡੇ ਗਏ ਸਿੰਗਲ-ਯੂਜ਼ ਕੱਪਾਂ ਦੀ ਗਿਣਤੀ ਦਾ ਪਤਾ ਲਗਾਉਣ ਲਈ ਇੱਕ ਸਿਸਟਮ ਸਥਾਪਿਤ ਕਰਨ। ਉਦਾਹਰਨਾਂ ਵਿੱਚ ਸ਼ਾਮਲ ਹਨ ਇਲੈਕਟ੍ਰਾਨਿਕ ਪੁਆਇੰਟ ਆਫ ਸੇਲ (POS)ਸਿਸਟਮ, ਜਾਂ ਸਾਲ ਦੇ ਸ਼ੁਰੂ ਅਤੇ ਅੰਤ ਵਿੱਚ ਗਿਣਤੀ ਕਰਨਾ ਕਿ ਤੁਹਾਡੀ ਇਨਵੈਂਟਰੀ ਵਿੱਚ ਕਿੰਨੇ ਕੱਪ ਹਨ।

**ਮੁੜ-ਵਰਤੋਂ ਯੋਗ ਕੱਪ-ਸ਼ੇਅਰ ਪ੍ਰੋਗਰਾਮ ਕੀ ਹੈ?**

ਮੁੜ-ਵਰਤੋਂ ਯੋਗ ਕੱਪ-ਸ਼ੇਅਰ ਪ੍ਰੋਗਰਾਮ ਨਾਲ ਗਾਹਕ ਆਪਣੇ ਡ੍ਰਿੰਕ ਇੱਕ ਮੁੜ-ਵਰਤੋਂ ਯੋਗ ਕੱਪ ਵਿੱਚ ਪ੍ਰਾਪਤ ਕਰ ਸਕਦੇ ਹਨ, ਜਿਸ ਨੂੰ ਉਹ ਨਾਲ ਲਿਜਾ ਸਕਦੇ ਹਨ, ਅਤੇ ਬਾਅਦ ਵਿੱਚ ਕਾਰੋਬਾਰ ਜਾਂ ਕਿਸੇ ਹੋਰ ਡ੍ਰਾਪ-ਆਫ ਸਥਾਨ 'ਤੇ ਵਾਪਸ ਕਰ ਸਕਦੇ ਹਨ। ਇਹ ਕਾਰ-ਸ਼ੇਅਰ ਜਾਂ ਬਾਈਕ-ਸ਼ੇਅਰ ਵਰਗਾ ਹੈ, ਪਰ ਕੱਪ ਲਈ ਹੈ।

**ਜੇ ਕਿਸੇ ਭੋਜਨ ਪਦਾਰਥਾਂ ਦੇ ਵਿਕ੍ਰੇਤਾ ਕੋਲ ਵੈਨਕੂਵਰ ਵਿੱਚ ਕੁਝ, ਪਰ ਸਾਰੇ ਨਹੀਂ, ਸਥਾਨਾਂ 'ਤੇ ਮੁੜ-ਵਰਤੋਂ ਯੋਗ ਕੱਪ-ਸ਼ੇਅਰ ਪ੍ਰੋਗਰਾਮ ਹੈ, ਤਾਂ ਕੀ ਉਹਨਾਂ ਨੂੰ ਵੰਡੇ ਗਏ ਕੱਪਾਂ ਦੀ ਗਿਣਤੀ ਬਾਰੇ ਦੱਸਣਾ ਪਵੇਗਾ?**

ਹਾਂ। ਭੋਜਨ ਵਿਕ੍ਰੇਤਾਵਾਂ ਨੂੰ ਵੈਨਕੂਵਰ ਕਾਰੋਬਾਰੀ ਲਾਇਸੈਂਸ ਵਾਲੇ ਉਸ ਹਰੇਕ ਸਥਾਨ 'ਤੇ ਵੰਡੇ ਗਏ ਸਿੰਗਲ-ਯੂਜ਼ ਕੱਪਾਂ ਦੀ ਸੰਖਿਆ ਬਾਰੇ ਲਾਜ਼ਮੀ ਦੱਸਣਾ ਪਵੇਗਾ ਜੋ ਮੁੜ-ਵਰਤੋਂ ਯੋਗ ਕੱਪ-ਸ਼ੇਅਰ ਪ੍ਰੋਗਰਾਮ ਦੀ ਪੇਸ਼ਕਸ਼ ਨਹੀਂ ਕਰਦਾ ਹੈ।

ਉਦਾਹਰਨ ਲਈ, ਜੇ ਇੱਕ ਭੋਜਨ ਵਿਕ੍ਰੇਤਾ ਕੋਲ ਵੈਨਕੂਵਰ ਵਿੱਚ ਦੋ ਸਥਾਨ ਹਨ ਪਰ ਉਹਨਾਂ ਵਿੱਚੋਂ ਸਿਰਫ ਇੱਕ 'ਤੇ ਮੁੜ-ਵਰਤੋਂ ਯੋਗ ਕੱਪ-ਸ਼ੇਅਰ ਪ੍ਰੋਗਰਾਮ ਪੇਸ਼ ਕਰਦਾ ਹੈ, ਤਾਂ ਭੋਜਨ ਵਿਕ੍ਰੇਤਾ ਨੂੰ ਸਿਰਫ ਉਸ ਜਗ੍ਹਾ 'ਤੇ ਵੰਡੇ ਗਏ ਸਿੰਗਲ-ਯੂਜ਼ ਕੱਪਾਂ ਦੀ ਰਿਪੋਰਟ ਕਰਨ ਦੀ ਲੋੜ ਹੈ ਜੋ ਕੱਪ-ਸ਼ੇਅਰ ਪ੍ਰੋਗਰਾਮ ਦੀ ਪੇਸ਼ਕਸ਼ ਨਹੀਂ ਕਰਦਾ ਹੈ।

**ਕੀ $0.25 ਦੀ ਫ਼ੀਸ ਅਤੇ ਰਿਪੋਰਟਿੰਗ ਲੋੜਾਂ ਬੱਬਲ ਟੀ ਪਰੋਸਣ ਲਈ ਵਰਤੇ ਜਾਣ ਵਾਲੇ ਸਿੰਗਲ-ਯੂਜ਼ ਵਾਲੇ ਕੱਪਾਂ 'ਤੇ ਲਾਗੂ ਹੁੰਦੀਆਂ ਹਨ?**

ਹਾਂ।

# ਕੱਪਾਂ ਬਾਰੇ ਉਪਨਿਯਮ - 1 ਜਨਵਰੀ 2022
# ਵਾਰ-ਵਾਰ ਪੁੱਛੇ ਜਾਂਦੇ ਪ੍ਰਸ਼ਨ

**ਕੀ ਫੂਡ ਡਿਲੀਵਰੀ ਸੇਵਾਵਾਂ ਨੂੰ ਕੱਪਾਂ ਬਾਰੇ ਉਪਨਿਯਮ ਦੀ ਪਾਲਣਾ ਕਰਨ ਦੀ ਲੋੜ ਹੈ?**

ਜੇ ਕੋਈ ਕਾਰੋਬਾਰ ਸਿਰਫ ਡਿਲੀਵਰੀ ਸੇਵਾਵਾਂ ਪ੍ਰਦਾਨ ਕਰਦਾ ਹੈ ਅਤੇ ਤਿਆਰ ਭੋਜਨ ਨਹੀਂ ਵੇਚਦਾ, ਤਾਂ ਇਹ ਉਪ-ਨਿਯਮ ਉਹਨਾਂ 'ਤੇ ਸਿੱਧਾ ਲਾਗੂ ਨਹੀਂ ਹੁੰਦਾ ਹੈ। ਪਰ, ਵੈਨਕੂਵਰ ਵਿੱਚ ਸਥਿਤ ਭੋਜਨ ਵਿਕ੍ਰੇਤਾਵਾਂ ਨੂੰ ਕੱਪਾਂ ਬਾਰੇ ਉਪਨਿਯਮ ਦਾ ਲਾਜ਼ਮੀ ਪਾਲਣ ਕਰਨਾ ਚਾਹੀਦਾ ਹੈ, ਜਿਸ ਵਿੱਚ ਭੋਜਨ ਡਿਲੀਵਰੀ ਸੇਵਾਵਾਂ ਦੁਆਰਾ ਵਿਕਰੀ ਵੀ ਸ਼ਾਮਲ ਹੈ। ਸਾਰੇ ਫੂਡ ਡਿਲਿਵਰੀ ਸੇਵਾ ਪ੍ਰਦਾਤਾਵਾਂ ਨੂੰ ਆਪਣੇ ਆਨਲਾਈਨ, ਮੋਬਾਈਲ ਅਤੇ ਟੈਲੀਫੋਨ ਆਰਡਰਿੰਗ ਪਲੇਟਫਾਰਮਾਂ ਨੂੰ ਇਹ ਯਕੀਨੀ ਬਣਾਉਣ ਲਈ ਅਪਡੇਟ ਕਰਨਾ ਚਾਹੀਦਾ ਹੈ ਕਿ ਵੈਨਕੂਵਰ ਵਿੱਚ ਭੋਜਨ ਵਿਕ੍ਰੇਤਾ ਸਿੰਗਲ-ਯੂਜ਼ ਕੱਪਾਂ 'ਤੇ ਘੱਟੋ-ਘੱਟ $0.25 ਦੀ ਫ਼ੀਸ ਲੈਣ।

**ਕੀ ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਨੂੰ ਕੱਪਾਂ ਤੇ $0.25 ਦੀ ਫ਼ੀਸ ਲੈਣੀ ਪਵੇਗੀ ਅਤੇ ਵੰਡੇ ਗਏ ਕੱਪਾਂ ਦੀ ਸੰਖਿਆ ਦੀ ਰਿਪੋਰਟ ਕਰਨੀ ਪਵੇਗੀ?**

ਰਜਿਸਟਰਡ ਚੈਰਿਟੀਆਂ ਜਾਂ ਗੈਰ-ਮੁਨਾਫ਼ਾ ਕਾਰਪੋਰੇਸ਼ਨਾਂ ਨੂੰ ਚੈਰੀਟੇਬਲ ਭੋਜਨ ਸੇਵਾਵਾਂ ਪ੍ਰਦਾਨ ਕਰਨ ਲਈ ਵਰਤੇ ਜਾਣ ਵਾਲੇ ਸਿੰਗਲ-ਯੂਜ਼ ਕੱਪਾਂ 'ਤੇ ਫ਼ੀਸ ਵਸੂਲ ਕਰਨ ਜਾਂ ਉਹਨਾਂ ਦੀ ਗਿਣਤੀ ਬਾਰੇ ਰਿਪੋਰਟ ਕਰਨ ਦੀ ਲੋੜ ਨਹੀਂ ਹੈ। "ਚੈਰੀਟੇਬਲ ਭੋਜਨ ਸੇਵਾਵਾਂ" ਨੂੰ ਕਿਸੇ ਸੰਗਠਨ ਦੁਆਰਾ ਮੁਫ਼ਤ ਜਾਂ ਘੱਟ ਕੀਮਤ 'ਤੇ ਭੋਜਨ ਮੁਹੱਈਆ ਕਰਨ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਸੋਸਾਇਟੀਜ਼ ਐਕਟ ਦੇ ਅਧੀਨ ਨਿਗਮਿਤ ਹੈ ਅਤੇ ਚੰਗੀ ਸਥਿਤੀ ਵਿੱਚ ਹੈ, ਜਾਂ ਫੈਡਰਲ ਇਨਕਮ ਟੈਕਸ ਕਾਨੂੰਨ ਦੇ ਅਧੀਨ ਇੱਕ ਚੈਰੀਟੇਬਲ ਸੰਗਠਨ ਵਜੋਂ ਰਜਿਸਟਰਡ ਹੈ। ਪਰ, ਰਜਿਸਟਰਡ ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਕਾਰਪੋਰੇਸ਼ਨਾਂ ਲਈ ਚੈਰੀਟੇਬਲ ਫੂਡ ਸੇਵਾਵਾਂ ਪ੍ਰਦਾਨ ਕਰਨ ਤੋਂ ਇਲਾਵਾ ਹੋਰ ਉਦੇਸ਼ਾਂ ਲਈ ਵੰਡੇ ਗਏ ਕੱਪਾਂ 'ਤੇ ਫ਼ੀਸ ਵਸੂਲ ਕਰਨਾ ਅਤੇ ਕੱਪਾਂ ਦੀ ਸੰਖਿਆ ਰਿਪੋਰਟ ਕਰਨਾ ਲਾਜ਼ਮੀ ਹੈ।

**ਕਿਸ ਨੂੰ ਅਤੇ ਕਿਸ ਚੀਜ਼ ਨੂੰ ਕੱਪਾਂ ਬਾਰੇ ਉਪਨਿਯਮ ਤੋਂ ਛੋਟ ਹੈ?**

ਹਸਪਤਾਲ ਅਤੇ ਕਮਿਉਨਿਟੀ ਕੇਅਰ ਸਹੂਲਤਾਂ: ਹਸਪਤਾਲਾਂ ਵਿੱਚ ਮਰੀਜ਼ਾਂ ਲਈ ਭੋਜਨ ਸੇਵਾ ਜਾਂ ਕਮਿਉਨਿਟੀ ਕੇਅਰ ਅਦਾਰਿਆਂ ਦੇ ਵਸਨੀਕਾਂ 'ਤੇ ਕੱਪਾਂ ਬਾਰੇ ਉਪਨਿਯਮ ਲਾਗੂ ਨਹੀਂ ਹੁੰਦੇ ਹਨ। ਪਰ, ਕੱਪ ਉਪਨਿਯਮ ਵੈਨਕੂਵਰ ਵਿੱਚ ਕਾਰੋਬਾਰੀ ਲਾਇਸੈਂਸ ਵਾਲੇ ਉਹਨਾਂ ਖਾਣੇ ਦੇ ਵਿਕ੍ਰੇਤਾਵਾਂ 'ਤੇ ਲਾਗੂ ਹੁੰਦਾ ਹੈ ਜਿਨ੍ਹਾਂ ਦੇ ਕਾਰੋਬਾਰ ਹਸਪਤਾਲਾਂ ਜਾਂ ਕਮਿਉਨਿਟੀ ਕੇਅਰ ਅਦਾਰਿਆਂ ਵਿੱਚ ਸਥਿਤ ਹਨ। (ਉਦਾਹਰਨ ਲਈ: ਕੈਫੇਟੇਰੀਆ, ਕੈਫੇ) ਜੋ ਸਿੰਗਲ-ਯੂਜ਼ ਕੱਪਾਂ ਵਿੱਚ ਪੀਣ ਵਾਲਾ ਪਦਾਰਥ ਪਰੋਸਦੇ ਹਨ।

ਚੈਰੀਟੇਬਲ ਭੋਜਨ ਸੇਵਾਵਾਂ: ਰਜਿਸਟਰਡ ਚੈਰੀਟੀਆਂ ਅਤੇ ਗੈਰ-ਮੁਨਾਫ਼ਾ ਕਾਰਪੋਰੇਸ਼ਨਾਂ[1] ਨੂੰ ਮੁਫ਼ਤ ਜਾਂ ਘੱਟ ਕੀਮਤ 'ਤੇ ਪੀਣ ਵਾਲੇ ਪਦਾਰਥ ਮੁਹੱਈਆ ਕਰਾਉਣ ਲਈ ਵਰਤੇ ਜਾਣ ਵਾਲੇ ਸਿੰਗਲ-ਯੂਜ਼ ਕੱਪਾਂ 'ਤੇ ਫ਼ੀਸ ਵਸੂਲ ਕਰਨ, ਜਾਂ ਇਸ ਉਦੇਸ਼ ਲਈ ਵਰਤੇ ਜਾਂਦੇ ਕੱਪਾਂ ਦੀ ਗਿਣਤੀ ਦੀ ਰਿਪੋਰਟ ਕਰਨ ਦੀ ਲੋੜ ਨਹੀਂ ਹੈ।

ਕੱਪਾਂ ਵਿੱਚ ਪਰੋਸਿਆ ਜਾਂਦਾ ਭੋਜਨ: ਕੱਪ ਫ਼ੀਸ ਅਤੇ ਰਿਪੋਰਟ ਕਰਨ ਦੀਆਂ ਲੋੜਾਂ ਤਿਆਰ ਭੋਜਨ ਪਰੋਸਣ ਲਈ ਵਰਤੇ ਜਾਂਦੇ ਸਿੰਗਲ-ਯੂਜ਼ ਕੱਪਾਂ 'ਤੇ ਲਾਗੂ ਨਹੀਂ ਹੁੰਦੀਆਂ, ਜਿਵੇਂ ਸੂਪ, ਪੁਡਿੰਗ, ਫ੍ਰੋਜ਼ਨ ਡਿਜ਼ਰਟ, ਆਦਿ।

ਸਟੋਰਾਂ ਵਿੱਚ ਸਿੰਗਲ-ਯੂਜ਼ ਕੱਪਾਂ ਦੇ ਪੈਕੇਜ ਵੇਚਣੇ: ਰਿਟੇਲਰਾਂ ਨੂੰ ਹਾਲੇ ਵੀ ਨਿੱਜੀ ਵਰਤੋਂ ਲਈ ਘੱਟੋ-ਘੱਟ 6 ਸਿੰਗਲ-ਯੂਜ਼ ਕੱਪਾਂ ਦੇ ਪੈਕੇਜ ਵੇਚਣ ਦੀ ਇਜਾਜ਼ਤ ਹੈ।

[1] ਚੈਰੀਟੇਬਲ ਭੋਜਨ ਸੇਵਾਵਾਂ ਦੀ ਛੋਟ ਲਈ ਯੋਗ ਬਣਨ ਵਾਸਤੇ ਲਾਜ਼ਮੀ ਹੈ ਕਿ ਸੰਗਠਨ ਸੋਸਾਇਟੀਜ਼ ਐਕਟ ਦੇ ਅਧੀਨ ਨਿਗਮਿਤ ਹੋਣ ਅਤੇ ਚੰਗੀ ਸਥਿਤੀ ਵਿੱਚ ਹੋਣ, ਜਾਂ ਫੈਡਰਲ ਇਨਕਮ ਟੈਕਸ ਐਕਟ ਦੇ ਅਧੀਨ ਇੱਕ ਚੈਰੀਟੇਬਲ ਸੰਗਠਨ ਵਜੋਂ ਰਜਿਸਟਰਡ ਹੋਣ।

### ਹਸਪਤਾਲਾਂ ਅਤੇ ਕਮਿਉਨਿਟੀ ਕੇਅਰ ਅਦਾਰਿਆਂ ਨੂੰ ਕੱਪਾਂ ਬਾਰੇ ਉਪਨਿਯਮ ਤੋਂ ਛੋਟ ਕਿਉਂ ਦਿੱਤੀ ਗਈ ਹੈ?

ਹਸਪਤਾਲਾਂ ਅਤੇ ਕਮਿਉਨਿਟੀ ਕੇਅਰ ਅਦਾਰਿਆਂ ਲਈ ਕੱਪਾਂ ਬਾਰੇ ਉਪ-ਕਾਨੂੰਨ ਤੋਂ ਛੋਟ ਸਿਹਤ ਸੰਗਠਨਾਂ ਨੂੰ ਇਨਫੈਕਸ਼ਨ ਕੰਟਰੋਲ, ਕੰਮ ਕਰਨ ਦੀ ਥਾਂ ਦੀ ਸਿਹਤ ਅਤੇ ਸੁਰੱਖਿਆ, ਅਤੇ ਮਰੀਜ਼ਾਂ ਦੀ ਦੇਖਭਾਲ ਦੇ ਮਿਆਰਾਂ ਨੂੰ ਪੂਰਾ ਕਰਨ ਲਈ ਸਿਹਤ ਦੇਖਭਾਲ ਦੀਆਂ ਜ਼ਰੂਰਤਾਂ 'ਤੇ ਧਿਆਨ ਦੇਣ ਲਈ ਲਚਕਤਾ ਦਿੰਦੀ ਹੈ। ਉਦਾਹਰਣ ਵਜੋਂ, ਲਾਗ ਦੇ ਫੈਲਣ ਦੇ ਜੋਖਮ ਨੂੰ ਘਟਾਉਣ ਲਈ ਹਸਪਤਾਲ ਦੇ ਮਰੀਜ਼ਾਂ ਨੂੰ ਤਿਆਰ ਭੋਜਨ ਪਰੋਸਣ ਲਈ ਕੁਝ ਇੱਕੋ-ਵਾਰੀ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਜ਼ਰੂਰੀ ਹਨ, ਅਤੇ ਸੁਰੱਖਿਆ ਚਿੰਤਾਵਾਂ ਨੂੰ ਦੂਰ ਕਰਨ ਲਈ ਮਾਨਸਿਕ ਰੋਗਾਂ ਦੀਆਂ ਇਕਾਈਆਂ ਵਿੱਚ ਇੱਕੋ-ਵਾਰੀ ਵਰਤੇ ਜਾਣ ਵਾਲੇ ਪਲਾਸਟਿਕ ਦੇ ਕਾਂਟੇ-ਛੁਰੀਆਂ ਇੱਕ ਤਰਜੀਹੀ ਵਿਕਲਪ ਹੈ।

ਸਿਟੀ ਨੂੰ ਪਤਾ ਹੈ ਕਿ ਸਿਹਤ ਸੰਸਥਾਵਾਂ ਨਿਰੰਤਰ ਅਧਾਰ 'ਤੇ ਸਿਹਤ ਦੇਖਭਾਲ ਵਿੱਚ ਇੱਕੋ-ਵਾਰੀ ਵਰਤੀਆਂ ਜਾਣ ਵਾਲੀਆਂ ਵਸਤਾਂ ਦੀ ਵੰਡ ਨੂੰ ਘਟਾਉਣ ਦੇ ਮੌਕਿਆਂ ਦੀ ਜਾਂਚ ਕਰ ਰਹੀਆਂ ਹਨ।

### ਸਿਟੀ ਕੱਪਾਂ ਬਾਰੇ ਉਪਨਿਯਮ ਨੂੰ ਕਿਵੇਂ ਲਾਗੂ ਕਰੇਗੀ?

ਕੋਵਿਡ-19 ਦੇ ਮੁਸ਼ਕਲ ਹਾਲਾਤ ਦੇ ਕਾਰਨ, ਸਿਟੀ ਦਾ ਸਟਾਫ਼ ਪਹੁੰਚ ਕਰਨ ਅਤੇ ਸਿੱਖਿਆ ਦੇਣ ਨੂੰ ਪਹਿਲ ਦੇ ਰਿਹਾ ਹੈ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਭੋਜਨ ਵਿਕ੍ਰੇਤਾਵਾਂ ਕੋਲ ਸਿੰਗਲ-ਯੂਜ਼ ਚੀਜ਼ਾਂ ਬਾਰੇ ਉਪਨਿਯਮਾਂ ਦੀ ਪਾਲਣਾ ਕਰਨ ਲਈ ਉਹ ਸਹਾਇਤਾ ਹੋਵੇ ਜਿਸਦੀ ਉਹਨਾਂ ਨੂੰ ਲੋੜ ਹੈ। ਜੇ ਕੋਈ ਕਾਰੋਬਾਰ ਲਾਗੂ ਸਿੰਗਲ-ਯੂਜ਼ ਚੀਜ਼ਾਂ ਬਾਰੇ ਉਪਨਿਯਮ ਦੀ ਪਾਲਣਾ ਨਾ ਕਰਦਾ ਹੋਇਆ ਪਾਇਆ ਜਾਂਦਾ ਹੈ, ਤਾਂ ਸਿਟੀ ਦੀ ਸ਼ੁਰੂਆਤੀ ਕਾਰਵਾਈਆਂ ਪਾਲਣਾ ਕਰਨ ਵਿੱਚ ਉਹਨਾਂ ਦੀ ਸਹਾਇਤਾ ਕਰਨ ਲਈ ਸਿੱਖਿਆ, ਪਹੁੰਚ ਅਤੇ ਸਹਾਇਤਾ 'ਤੇ ਕੇਂਦ੍ਰਿਤ ਹੋਣਗੀਆਂ। ਪਾਲਣਾ ਪ੍ਰਾਪਤ ਕਰਨ ਲਈ ਇਹਨਾਂ ਸ਼ੁਰੂਆਤੀ ਵਿਦਿਅਕ ਕਾਰਵਾਈਆਂ ਦੇ ਬਾਅਦ, ਪਾਲਣਾ ਨਾ ਕਰਨ ਵਾਲੇ ਆਪਰੇਟਰਾਂ 'ਤੇ ਧਿਆਨ ਦੇਣ ਲਈ ਲਾਗੂਕਰਣ ਦੇ ਵਧੇ ਹੋਏ ਪੱਧਰਾਂ ਨੂੰ ਲਾਗੂ ਕੀਤਾ ਜਾ ਸਕਦਾ ਹੈ। ਲਾਗੂ ਕਰਨ ਵਿੱਚ ਟਿਕਟਾਂ ਜਾਰੀ ਕਰਨਾ ਸ਼ਾਮਲ ਹੋ ਸਕਦਾ ਹੈ, ਜਿਨ੍ਹਾਂ 'ਤੇ ਪ੍ਰਤੀ ਅਪਰਾਧ $500 ਜੁਰਮਾਨਾ ਹੁੰਦਾ ਹੈ, ਜਾਂ ਸੂਬਾਈ ਅਦਾਲਤ ਵਿੱਚ ਹੋਰ ਮੁਕੱਦਮਾ ਕੀਤਾ ਜਾ ਸਕਦਾ ਹੈ ਜੋ ਕਿ ਪ੍ਰਤੀ ਅਪਰਾਧ ਵੱਧ ਤੋਂ ਵੱਧ $10,000 ਜੁਰਮਾਨੇ ਦੇ ਅਧੀਨ ਹੋ ਸਕਦਾ ਹੈ। ਨਿਰੰਤਰ ਗੈਰ-ਪਾਲਣਾ ਦੇ ਨਤੀਜੇ ਵਜੋਂ ਕਾਰੋਬਾਰ ਦਾ ਲਾਇਸੈਂਸ ਰੱਦ ਕੀਤਾ ਜਾ ਸਕਦਾ ਹੈ, ਜਾਂ ਕਾਰੋਬਾਰ ਦੇ ਲਾਇਸੈਂਸ ਨੂੰ ਰੱਦ ਕਰਨ ਲਈ ਸਿਫ਼ਾਰਿਸ਼ਾਂ ਕੀਤੀਆਂ ਜਾ ਸਕਦੀਆਂ ਹਨ।

ਲਾਗੂਕਰਣ ਬਾਰੇ ਨਵੀਨਤਮ ਅੱਪਡੇਟਾਂ ਲਈ, **vancouver.ca/reduce-single-use** 'ਤੇ ਜਾਓ

### ਕੀ COVID-19 ਮਹਾਂਮਾਰੀ ਦੇ ਦੌਰਾਨ ਮੁੜ-ਵਰਤੋਂ ਯੋਗ ਕੱਪਾਂ ਦੀ ਆਗਿਆ ਹੈ?

ਬੀਸੀ ਸੈਂਟਰ ਫਾਰ ਡਿਸੀਜ਼ ਕੰਟਰੋਲ ਅਤੇ ਵੈਨਕੂਵਰ ਕੋਸਟਲ ਹੈਲਥ ਦੀਆਂ ਵਰਤਮਾਨ ਸੇਧਾਂ ਦੇ ਤਹਿਤ, ਵਿਕ੍ਰੇਤਾ COVID-19 ਮਹਾਂਮਾਰੀ ਦੌਰਾਨ ਮੁੜ-ਵਰਤੋਂ ਯੋਗ ਕੱਪ ਮੁਹੱਈਆ ਕਰਵਾ ਸਕਦੇ ਹਨ ਅਤੇ ਗਾਹਕਾਂ ਦੇ ਮੁੜ-ਵਰਤੋਂ ਯੋਗ ਕੱਪ ਨੂੰ ਸਵੀਕਾਰ ਕਰ ਸਕਦੇ ਹਨ, ਬਸ਼ਰਤੇ ਭੋਜਨ ਵਿਕ੍ਰੇਤਾ ਆਪਣੀ ਸਟੋਰ ਨੀਤੀ ਨੂੰ ਦਰਜ ਕਰਦੇ ਹਨ ਅਤੇ ਲੋੜੀਂਦੇ ਰੋਕਥਾਮ ਉਪਾਵਾਂ ਦੀ ਪਾਲਣਾ ਕਰਦੇ ਹਨ।

### COVID-19 ਮਹਾਂਮਾਰੀ ਦੇ ਦੌਰਾਨ ਗਾਹਕਾਂ ਦੇ ਮੁੜ-ਵਰਤੋਂ ਯੋਗ ਕੱਪਾਂ ਨੂੰ ਸੁਰੱਖਿਅਤ ਢੰਗ ਨਾਲ ਸਵੀਕਾਰ ਕਰਨ ਲਈ ਭੋਜਨ ਵਿਕ੍ਰੇਤਾ ਕਿਹੜੇ ਤਰੀਕਿਆਂ ਦੀ ਵਰਤੋਂ ਕਰ ਸਕਦੇ ਹਨ?

ਸਿਟੀ ਨੇ ਵੈਨਕੂਵਰ ਕੋਸਟਲ ਹੈਲਥ ਨਾਲ ਇਹ ਯਕੀਨੀ ਬਣਾਉਣ ਲਈ ਕੰਮ ਕੀਤਾ ਹੈ ਕਿ ਗਾਹਕਾਂ ਦੇ ਮੁੜ-ਵਰਤੋਂ ਯੋਗ ਕੱਪਾਂ ਵਿੱਚ ਪੀਣ ਵਾਲੇ ਪਦਾਰਥਾਂ ਲਈ "ਸੰਪਰਕ ਰਹਿਤ ਕੱਪ" ਪ੍ਰਕਿਰਿਆਵਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਦੁਨੀਆ ਭਰ ਦੇ ਕੈਫੇ ਅਤੇ ਰੈਸਟੋਰੈਂਟਾਂ ਦੁਆਰਾ ਵਰਤੀਆਂ ਜਾਂਦੀਆਂ, ਇਹ ਪ੍ਰਕਿਰਿਆਵਾਂ ਕੋਵਿਡ-19 ਮਹਾਂਮਾਰੀ ਦੇ ਦੌਰਾਨ ਮੁੜ-ਵਰਤੋਂ ਯੋਗ ਕੱਪਾਂ ਨੂੰ ਸਵੀਕਾਰ ਕਰਨ ਲਈ ਸੁਰੱਖਿਅਤ ਹਨ ਅਤੇ ਵੈਨਕੂਵਰ ਕੋਸਟਲ ਹੈਲਥ ਦੁਆਰਾ ਪ੍ਰਵਾਨਿਤ ਹਨ। ਇਨ੍ਹਾਂ ਸੰਪਰਕ ਰਹਿਤ ਕੱਪ ਤਰੀਕਿਆਂ, ਨਾਲ ਹੀ ਆਪਣੇ ਗਾਹਕਾਂ ਨੂੰ ਇਹਨਾਂ ਢੰਗਾਂ ਅਤੇ ਉਹਨਾਂ ਦੇ ਦੁਬਾਰਾ ਵਰਤੋਂ ਯੋਗ ਕੱਪਾਂ ਨੂੰ ਸਾਫ਼ ਰੱਖਣ ਲਈ ਸੁਝਾਵਾਂ ਬਾਰੇ ਜਾਣਕਾਰੀ ਦੇਣ ਲਈ ਪੋਸਟਰਾਂ ਵਾਸਤੇ vancouver.ca/cups 'ਤੇ ਜਾਓ।

**ਕਾਰੋਬਾਰ, ਚੈਰਿਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨ ਆਪਣੇ ਗਾਹਕਾਂ ਨੂੰ ਸਾਫ਼ ਮੁੜ-ਵਰਤੋਂ ਯੋਗ ਕੱਪ ਲਿਆਉਣ ਲਈ ਕਿਵੇਂ ਉਤਸ਼ਾਹਿਤ ਕਰ ਸਕਦੇ ਹਨ?**

ਸਾਡੀ ਸਿੰਗਲ-ਯੂਜ਼ ਆਈਟਮ ਉਪਨਿਯਮ ਟੂਲਕਿੱਟ ਵਿੱਚ ਵੈਨਕੂਵਰ ਕੋਸਟਲ ਹੈਲਥ ਤੋਂ ਸਫਾਈ ਦੇ ਸੁਝਾਵਾਂ ਸਮੇਤ, ਗਾਹਕਾਂ ਨੂੰ ਸਾਫ਼ ਮੁੜ ਵਰਤੋਂ ਯੋਗ ਕੱਪ ਲਿਆਉਣ ਲਈ ਉਤਸ਼ਾਹਿਤ ਕਰਨ ਲਈ ਪੋਸਟਰ ਅਤੇ ਸੋਸ਼ਲ ਮੀਡੀਆ ਪੋਸਟਾਂ ਵਰਗੇ ਸਰੋਤ ਸ਼ਾਮਲ ਹਨ। ਇਹਨਾਂ ਸਰੋਤਾਂ ਨੂੰ ਡਾਊਨਲੋਡ ਕਰਨ ਲਈ vancouver.ca/cups 'ਤੇ ਜਾਓ।